PSPCL Powering Punjab. Enriching Lives. Punjab State Power Corporation Limited
ਰਜਿਸਟਰਡ ਦਫਤਰ : ਪੀ.ਐੱਸ.ਈ.ਬੀ ਹੈੱਡ ਆਫਿਸ, ਦਿ ਮਾਲ ਪਟਿਆਲਾ 147001
CIN : U40109PB2010SGC033813, ਵੈੱਬਸਾਈਟ : www.pspcl.in

# ਜਨਤਕ ਸੂਚਨਾ

## ਵਿਸ਼ਾ : ਬਿਜਲੀ ਵਿਭਾਗ ਦੇ ਨਾਮ ਤੇ ਹੋ ਰਹੇ Cyber Fraud ਸਬੰਧੀ ।

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਆਪਣੇ ਬਹੁਮੁੱਲੇ ਖਪਤਕਾਰਾਂ ਨੂੰ ਵਿਭਾਗ ਦੇ ਨਾਮ ਤੇ ਹੋ ਰਹੇ Cyber Fraud ਤੋਂ ਸੁਚੇਤ ਰਹਿਣ ਦੀ ਅਪੀਲ ਕਰਦਾ ਹੈ । ਸ਼ਰਾਰਤੀ ਅਨਸਰ ਖਪਤਕਾਰਾਂ ਨੂੰ ਤੁਰੰਤ ਬਿਜਲੀ ਦਾ ਬਿੱਲ ਭੁਗਤਾਨ ਕਰਨ ਲਈ ਕਾਲ, ਮੈਸੇਜ ਅਤੇ ਈ-ਮੇਲ ਕਰਦੇ ਹਨ ਤੇ ਭੁਗਤਾਨ ਨਾ ਕਰਨ ਦੀ ਸੂਰਤ ਵਿੱਚ ਕੁਨੈਕਸ਼ਨ ਕੱਟਣ ਦੀ ਧਮਕੀ ਦਿੰਦੇ ਹਨ । ਪੀ.ਐਸ.ਪੀ.ਸੀ.ਐਲ. ਆਪਣੇ ਖਪਤਕਾਰਾਂ ਨੂੰ ਇਸ ਤਰਾਂ ਦੀਆਂ ਕਾਲਾਂ,ਮੈਸੇਜ ਅਤੇ ਈ-ਮੇਲ ਦਾ ਜਵਾਬ ਨਾ ਦੇਣ ਦੀ ਸਲਾਹ ਦਿੰਦਾ ਹੈ । ਖਪਤਕਾਰਾਂ ਨੂੰ ਬਿਜਲੀ ਦੇ ਬਿੱਲਾਂ ਦਾ ਭੁਗਤਾਨ ਪੀ.ਐਸ.ਪੀ.ਸੀ.ਐਲ. ਐਪ/ਵੈਬਸਾਈਟ ਅਤੇ ਹੋਰ ਅਧਿਕਾਰਤ ਭੁਗਤਾਨ ਵਾਲੀਆਂ ਐਪਸ (ਜਿੰਨਾਂ ਨੂੰ ਬੀ ਬੀ ਪੀ ਐਸ ਦੁਆਰਾ ਮਾਨਤਾ ਪ੍ਰਾਪਤ ਹੈ),ਸਰਕਾਰੀ ਅਧਿਕਾਰਤ ਸੇਵਾ ਕੇਂਦਰਾਂ, CSC (ਸਾਝੇਂ ਸੇਵਾ ਕੇਦਰਾਂ) ਅਤੇ ਪੀ.ਐਸ.ਪੀ.ਸੀ.ਐਲ. ਕੈਸ਼ ਕਾਊਂਟਰਾਂ ਦੁਆਰਾ ਹੀ ਕਰਨਾ ਚਾਹੀਦਾ ਹੈ ।

ਜੇਕਰ ਕੋਈ ਖਪਤਕਾਰ Cyber Fraud ਦਾ ਸਿਕਾਰ ਹੁੰਦਾ ਹੈ ਤਾਂ ਉਹ ਇਸ ਸਬੰਧੀ ਹੇਠ ਲਿਖੇ ਤਰੀਕਿਆਂ ਦੁਆਰਾ ਕਾਰਵਾਈ ਕਰ ਸਕਦਾ ਹੈ ।

1. ਭਾਰਤ ਸਰਕਾਰ ਦੇ ''National cyber crime reporting portal'' ਦੀ ਵੈਬਸਾਈਟ www.cybercrime.gov.in ਤੇ ਜਾਂ ਟੋਲ ਫਰੀ ਨੰਬਰ 1930 ਤੇ ਸ਼ਿਕਾਇਤ ਦਰਜ ਕਰਵਾ ਸਕਦੇ ਹਨ ।
2. ਆਪਣੇ ਨਜਦੀਕੀ ਪੁਲਿਸ ਥਾਣੇ ਵਿੱਚ '' IT Section 66-D'' ਦੇ ਅਧੀਨ ਸ਼ਿਕਾਇਤ ਦਰਜ ਕਰਵਾ ਸਕਦੇ ਹਨ ।
3. ਇਸ ਸਬੰਧੀ ਖਪਤਕਾਰ ਪੀ.ਐਸ.ਪੀ.ਸੀ.ਐਲ.ਦੇ ਸਬ-ਡਵੀਜਨ ਦਫਤਰ ਵਿਖੇ ਸੰਪਰਕ ਕਰ ਸਕਦੇ ਹਨ ।

ਪ੍ਰਮੁੱਖ ਇੰਜੀਨੀਅਰ/ਆਈ.ਟੀ
ਪੀ.ਐਸ.ਪੀ.ਸੀ.ਐਲ. ਪਟਿਆਲਾ ।